੧ ੴ ਵਾਹਿਗੁਰੂ ਜੀ ਕੀ ਫ਼ਤਹਿ॥

ਨਵੇਂ ਜੁਗ ਦਾ ਪੂਰਨ ਮਨੁੱਖ

"خالصہ" G. 614

# ਖ਼ਾਲਸਾ

SARDAR DYAL SINGH
LAHORE
LIBRARY
173

ਗੰਗਾ ਸਿੰਘ

294.6
ਗੰ 24 ਤ
30905

## ਧੰਨਵਾਦ

ਮੈਂ ਦਸੰਬਰ ਸੰ: ੧੯੩੭ ਵਿਚ 'ਅੰਮ੍ਰਿਤ' ਰਿਸਾਲੇ ਦਾ 'ਰਹਿਤ ਨੰਬਰ' ਕੱਢ ਖ਼ਾਲਸਾ ਪੰਥ ਦੀ ਰਹਿਤ ਦੇ ਮੁਤਅੱਲਕ ਪੰਥਕ ਵਿੱਦਵਾਨਾਂ ਦੇ ਵਿਚਾਰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਛੋਟੀ ਜੇਹੀ ਪੁਸਤਕ ਉਸ ਯਤਨ ਦਾ ਦੂਸਰਾ ਉੱਦਮ ਹੈ। ਇਸ ਵਿਚ ਮੈਂ ਜਿਨ੍ਹਾਂ ਲਿਖਾਰੀਆਂ ਦੀ ਲਿਖਤ ਤੋਂ ਮਦਦ ਲਈ ਹੈ, ਉਹਨਾਂ ਸਾਰਿਆਂ ਦਾ ਦਿਲੋਂ ਧੰਨਵਾਦੀ ਹਾਂ। ਮੈਂ ਖ਼ਾਸ ਤੌਰ 'ਤੇ ਜਥੇਦਾਰ ਤੇਜਾ ਸਿੰਘ ਜੀ ਅੱਕਰਪੁਰੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੀ ਕਮਜ਼ੋਰ ਸਿਹਤ ਦੇ ਬਾਵਜੂਦ ਇਸ ਸਾਰੇ ਖਰੜੇ ਦੇ ਲਿਖਣ ਦੀ ਖੇਚਲ ਕੀਤੀ ਹੈ।

ਗੰਗਾ ਸਿੰਘ

## ਸਮਰਪਣ

ਮੈਂ ਇਹ ਛੋਟੀ ਜੇਹੀ ਪੁਸਤਕ ਆਪਣੇ ਗੁਰਪੂਰ ਵਾਸੀ
ਪਿਤਾ ਜੀ ਦੀ ਪਵਿੱਤ੍ਰ ਯਾਦ ਨੂੰ ਸਮਰਪਣ ਕਰਦਾ ਹਾਂ,
ਜਿਨ੍ਹਾਂ ਦਾ ਰਹਿਤਵਾਨ ਜੀਵਨ ਮੈਨੂੰ ਸਿੰਘ
ਰਹਿਤ ਦੀ ਖੋਜ ਲਈ ਹਮੇਸ਼ਾ ਪ੍ਰੇਰਨਾ
ਕਰਦਾ ਰਿਹਾ ਹੈ।

ਗੰਗਾ ਸਿੰਘ

ੴ ਸਤਿਗੁਰ ਪ੍ਰਸਾਦਿ ॥

# ਨਵਾਂ ਯੁੱਗ

ਕਾਦਰ ਦੀ ਕੁਦਰਤ ਵਿਚ ਪਲਟਾ ਭੀ ਅਜਬ ਸ਼ੈ ਹੈ। ਇਹ ਹਰ ਸਮੇਂ, ਹਰ ਥਾਂ ਅਤੇ ਹਰ ਸ਼ੈ ਵਿਚ ਵਾਪਰਦਾ ਦਿੱਸ ਆਉਂਦਾ ਹੈ। ਸੱਚ ਤਾਂ ਇਹ ਹੈ ਕਿ ਪਲਟਾ ਹੀ ਨਵੇਂ ਜੀਵਨ ਦਾ ਸੂਚਕ ਹੈ। ਕਲੀਆਂ ਤੋਂ ਫੁੱਲ ਤੇ ਫੁੱਲਾਂ ਤੋਂ ਫਲ ਪਲਟਾ ਹੀ ਲਿਆਉਂਦਾ ਹੈ। ਫਲਾਂ ਵਿਚੋਂ ਬੀਂ ਤਿਆਰ ਕਰ ਬਨਸਪਤੀ ਦੀ ਨਵੀਂ ਦੁਨੀਆ ਪੈਦਾ ਹੋਣ ਦੀ ਖ਼ਬਰ ਪਲਟਾ ਹੀ ਦਿੰਦਾ ਹੈ। ਭਾਵੇਂ ਆਪਣੀ ਉਮਰ ਭੋਗ ਮੁੱਕਣ ਵਾਲੇ ਜੀਵਨ ਪਲਟੇ ਤੋਂ ਘਬਰਾਉਂਦੇ ਹਨ, ਪਰ ਇਹ ਘਬਰਾਹਟ ਬੁੜ੍ਹਾਪੇ ਦੇ ਚਿੜਚਿੜੇਪਣ ਦੀ ਨਿਸ਼ਾਨੀ ਹੈ। ਪਲਟਾ ਇਹਨਾਂ ਗਿਲਿਆਂ ਤੇ ਸ਼ਿਕਾਇਤਾਂ ਦੀ ਕੋਈ ਪਰਵਾਹ ਨਾ ਕਰਦਾ ਹੋਇਆ, ਨਵੇਂ ਜੀਵਨ ਦਾ ਸੰਦੇਸ਼ ਦੇਈ ਚਲਿਆ ਜਾਂਦਾ ਹੈ। ਉਹ ਰਸੀਆਂ ਦੀ ਸੁਰਤ ਵਿਚ ਖੇੜੇ ਤੇ ਉਤਸ਼ਾਹ ਪੈਦਾ ਕਰਦਾ ਹੈ, ਬੇਹੋਸ਼ਾਂ ਨੂੰ ਹੋਸ਼ ਵਿਚ ਲਿਆਉਂਦਾ, ਨਵੀਆਂ ਬਹਾਰਾਂ ਦੇ ਪੈਗਾਮ ਦਿੰਦਾ, ਯਾਰ ਦੇ ਆਉਣ ਦੀ ਖ਼ੁਸ਼ਖ਼ਬਰੀ ਸੁਣਾਉਂਦਾ ਤੇ ਮਿਲਾਪ ਦੇ ਵਾਇਦੇ ਯਾਦ ਕਰਾ ਤਿਆਰੀਆਂ ਲਈ ਪ੍ਰੇਰਦਾ ਹੈ।* ਇਹ ਪਲਟਾ ਜਿਸ ਤਰ੍ਹਾਂ ਕੁਦਰਤ ਦੇ ਹਰ ਜ਼ੱਰਰੇ ਤੇ ਕਤਰੇ ਵਿਚ ਨਵਾਂ ਜੋਬਨ ਲਿਆਉਂਦਾ ਹੈ, ਉਸੇ ਤਰ੍ਹਾਂ ਹੀ ਯੁਗਾਂ ਵਿਚ ਭੀ ਤਬਦੀਲੀ ਲਿਆ ਮਨੁੱਖ ਜੀਵਨ ਲਈ ਨਵੇਂ ਰਸਤੇ ਖੋਲ੍ਹਦਾ ਹੈ। ਭਾਵੇਂ ਆਮ ਸੁਸਤ ਦੁਨੀਆ ਵਿਚ ਯੁਗ ਪਲਟਿਆਂ ਤੇ ਯੁਗ ਪਲਟਾਊਆਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ, ਪਰ ਕੁਦਰਤ ਦੇ ਬੇਪ੍ਰਵਾਹ ਵਹਿਣ ਵਿਚ

---

* ਬਾਹੋਸ਼ ਬਾਸ਼ ਕਿ ਹੰਗਾਮਏ ਨੌ ਬਹਾਰ ਆਮਦ।
ਬਹਾਰ ਆਮਦੋ, ਯਾਰ ਆਮਿਦੋ, ਕ਼ਰਾਰ ਆਮਦ।
(ਭਾਈ ਨੰਦ ਲਾਲ)

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.